## ਜਮਾਤ - ਛੇਵੀਂ

## ਪਾਠ - 11 ਦਾਤੇ

### ਪਾਠ - ਅਭਿਆਸ

Date: ........./........./.........
Page No.: ....................

ਪ੍ਰ:- ਗੀਤਾ ਦੇ ਘਰ ਦੀ ਹਾਲਤ ਏਨੀ ਖ਼ਰਾਬ ਕਿਉਂ ਸੀ?

ਉ:- ਗੀਤਾ ਦੇ ਘਰ ਦੀ ਹਾਲਤ ਪਰਿਵਾਰ ਵੱਡਾ ਹੋਣ ਕਰਕੇ ਸੀ ਜਿਸ ਕਰਕੇ ਘਰ ਦਾ ਖ਼ਰਚਾ ਬਹੁਤ ਹੀ ਮੁਸ਼ਕਲ ਨਾਲ ਚਲਦਾ ਸੀ।

ਪ੍ਰ:- ਗੀਤਾ ਦਾ ਪਰਿਵਾਰ ਗਰਮੀਆਂ ਵਿੱਚ ਸਰਦੀਆਂ ਨੂੰ ਅਤੇ ਸਰਦੀਆਂ ਵਿਚ ਗਰਮੀਆਂ ਨੂੰ ਕਿਉਂ ਉਡੀਕਦਾ ਸੀ?

ਉ:- ਬੱਚਿਆਂ ਦੇ ਪਿਤਾ ਕੋਲ ਇੱਕੋ ਕਈ ਸਾਲ ਪੁਰਾਣਾ ਗਰਮ ਸੂਟ ਸੀ ਭਾਵ ਕਿ ਉਹਨਾਂ ਕੋਲ ਕੱਪੜਿਆਂ ਦੀ ਵੀ ਕਮੀ ਸੀ। ਇਸ ਕਰਕੇ ਗੀਤਾ ਦਾ ਪਰਿਵਾਰ ਗਰਮੀਆਂ ਵਿੱਚ ਸਰਦੀਆਂ ਨੂੰ ਅਤੇ ਸਰਦੀਆਂ ਵਿੱਚ ਗਰਮੀਆਂ ਨੂੰ ਉਡੀਕਦਾ ਸੀ।

ਪ੍ਰ:- ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਸਲਾ ਕਿਉਂ ਨਾ ਪਿਆ?

ਉ:- ਕਿਉਂਕਿ ਜਿਸ ਦਿਨ ਚੂੜੀਆਂ ਚੜ੍ਹਾਉਣ ਵਾਲਾ ਆਇਆ ਤਾਂ ਉਸ ਦੀਆਂ ਤਿੰਨੋ ਧੀਆਂ ਨੇ ਚੂੜੀਆਂ ਪਸੰਦ ਕਰ ਲਈਆਂ ਜਿਸ ਦੇ ਇੱਕ ਰੁਪਈਆ ਪੈਂਹਠ ਪੈਸੇ ਬਣ ਗਏ ਤੇ ਗੀਤਾ ਨੂੰ ਪੈਸੇ ਦੀ ਕਮੀ ਕਰਕੇ ਚੂੜੀਆਂ ਚੜ੍ਹਾਉਣ ਦਾ ਹੌਸਲਾ ਨਾ ਪਿਆ।

ਪ੍ਰ:- ਬੱਚੇ ਆਪਣੀ ਮਾਤਾ ਲਈ ਚੂੜੀਆਂ, ਤੇਲ ਦੀ ਬੋਤਲ ਤੇ ਪਾਊਡਰ ਕਿਉਂ ਲੈ ਕੇ ਆਏ?

ਉ:- ਬੱਚੇ ਆਪਣੀ ਮਾਤਾ ਲਈ ਚੂੜੀਆਂ, ਤੇਲ ਦੀ ਬੋਤਲ ਤੇ ਪਾਊਡਰ ਇਸ ਕਰਕੇ ਲੈ ਆਏ ਕਿ ਉਹਨਾ ਨੂੰ ਸੌਗਾਤ ਦੇਣੀ ਹੈ ਅਤੇ ਖ਼ੁਸ਼ ਕਰਨਾ ਹੈ।

= ਖ਼ਾਲੀ ਥਾਂਵਾਂ ਭਰੋ:-

(ੳ) ਇਸ ਗ਼ਰੀਬ ਘਰ ਵਿੱਚ ਉਹਨਾਂ ਦੀ ਆਪਣੀ ਵੱਖਰੀ ਦੁਨੀਆ ਸੀ।
(ਅ) ਤੂੰ ਮੰਮੀ ਦੀ ਕਮੀਜ਼ ਪਾ ਲੈ।
(ੲ) ਦਸਾਂ ਦਾ ਨੋਟ ਕੋਲ ਹੋਣ ਕਰਕੇ ਸਾਰਾ ਸ਼ਹਿਰ ਉਹਨਾਂ ਨੂੰ ਆਪਣੀ ਮੁੱਠੀ ਵਿੱਚ ਜਾਪਦਾ ਸੀ
(ਸ) ਨਾ ਭਾਈ ਮਠਿਆਈ ਖਾ ਕੇ ਬਿਮਾਰ ਹੋ ਜਾਈਦਾ ਹੈ।
(ਹ) ਅੱਜ ਅਸੀਂ ਮੰਮੀ ਨੂੰ ਖ਼ੁਸ਼ ਕਰ ਦੇਣਾ ਹੈ।

ਵਤਨ ਸਿੰਘ ਸੰਧੂ ੧੪੫੫੫-੩੧੨੦੦

Scanned with CamScanner

Date : ......../........./......... 
Page No. : ......................

ਉੱਤਰ

= ਸਹੀ/ਗ਼ਲਤ ਦੀ ਚੋਣ ਕਰੋ:-

(ੳ) ਗੀਤਾ ਦੇ ਘਰ ਦੀ ਹਾਲਤ ਬਹੁਤ ਚੰਗੀ ਸੀ। ਗ਼ਲਤ

(ਅ) ਗੀਤਾ ਦੇ ਪਰਿਵਾਰ ਕੋਲ਼ ਗਰਮੀਆਂ ਤੇ ਸਰਦੀਆਂ ਲਈ ਕਾਫ਼ੀ ਕੱਪੜੇ ਸਨ। ਗ਼ਲਤ

(ੲ) ਤਿੰਨ ਕੁੜੀਆਂ ਦੀਆਂ ਚੂੜੀਆਂ ਦੇ ਇੱਕ ਰੁਪਈਆ ਪੈਂਹਠ ਪੈਸੇ ਬਣ ਗਏ ਸਨ। ਠੀਕ

= ਵਾਕ ਵਰਤੋਂ:-

(ੳ) ਖ਼ੂਬਸੂਰਤ:- ਗੀਤਾ ਦੀ ਖ਼ੂਬਸੂਰਤ ਤੇਲ ਦੀ ਬੋਤਲ ਖ਼ਾਲੀ ਹੋ ਗਈ ਸੀ।

(ਅ) ਭੁਲੇਖਾ:- ਗੀਤਾ ਦੇ ਘਰ ਕਾਫ਼ੀ ਦੁੱਧ ਹੋਣ ਦਾ ਭੁਲੇਖਾ ਬਣਿਆ ਰਹਿੰਦਾ ਸੀ।

(ੲ) ਪਸੰਦ:- ਚੂੜੀਆਂ ਦਾ ਇੱਕ ਨਮੂਨਾ ਗੀਤਾ ਨੇ ਵੀ ਪਸੰਦ ਕਰ ਲਿਆ।

(ਸ) ਹੌਸਲਾ:- ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਸਲਾ ਨਾ ਪਿਆ।

(ਹ) ਸ਼ਲਾਘਾ:- ਸਾਰਿਆਂ ਨੇ ਸਿਰ ਹਿਲਾ ਕੇ ਉਸਦੀ ਸ਼ਲਾਘਾ ਕੀਤੀ।

(ਕ) ਸੁਗਾਤ:- ਬੱਚਿਆਂ ਨੇ ਮੀਮੀ ਨੂੰ ਸੁਗਾਤ ਦਿੱਤੀ।

(ਖ) ਪੋਟਲੀ:- ਸੁਗਾਤਾਂ ਦੀ ਪੋਟਲੀ ਲੈ ਕੇ ਘਰ ਨੂੰ ਤੁਰ ਪਏ।

(ਗ) ਨਮੂਨਾ:- ਗੀਤਾ ਨੇ ਚੂੜੀਆਂ ਦਾ ਇੱਕ ਨਮੂਨਾ ਪਸੰਦ ਕਰ ਲਿਆ।

ਵਤਨ ਸਿੰਘ ਸੰਧੂ 98555-31200

Scanned with CamScanner